National Research Journal of Social Sciences
Volume-11, Issue-1, January-June 2026
PP: 141-145
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ : ਵਿਚਾਰਧਾਰਾਈ ਪਰਿਪੇਖ

**ਮਨਪ੍ਰੀਤ ਕੌਰ**
ਅਸਿਸਟੈਂਟ ਪ੍ਰੋਫੈਸਰ
ਖਾਲਸਾ ਕਾਲਜ ਫਾਰ ਵਿਮਿਨ, ਲੁਧਿਆਣਾ, ਪੰਜਾਬੀ ਵਿਭਾਗ

**ਸਾਰਾਂਸ਼:-**

ਸਿੱਖ ਧਰਮ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਆਤਮਿਕ ਅਤੇ ਮਨੁੱਖੀ ਅਧਿਕਾਰਾਂ ਦੇ ਰੱਖਿਅਕ ਵਜੋਂ ਜਾਣਿਆ ਜਾਂਦਾ ਹੈ।ਉਹਨਾਂ ਨੇ ਆਪਣੇ ਆਤਮਿਕ ਜੀਵਨ ਰਾਹੀਂ ਸਿੱਖ ਪਰੰਪਰਾ ਵਿੱਚ ਸ਼ਾਂਤੀ, ਧੀਰਜ ਅਤੇ ਨਿਸ਼ਕਾਮਤਾ ਦੇ ਆਦਰਸ਼ਾਂ ਨੂੰ ਨਵੀਂ ਦਿਸ਼ਾ ਦਿੱਤੀ।ਉਹਨਾਂ ਦੁਆਰਾ ਸਿਰਜੇ 57 ਸਲੋਕ ਅਤੇ 59 ਪਦੇ (ਗੁਰੂ ਗ੍ਰੰਥ ਸਾਹਿਬ ਵਿੱਚ ਦਰਜ) ਜੀਵਨ ਦੇ ਅਸਥਿਰਪਣ ਅਤੇ ਆਤਮਕ ਸ਼ਾਂਤੀ ਦੀ ਗਹਿਰਾਈ ਨੂੰ ਦਰਸਾਉਂਦੇ ਹਨ।ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਧਿਐਨ ਇਕ ਗੰਭੀਰ ਵਾਤਾਵਰਣ ਪੈਦਾ ਕਰਦਾ ਹੈ ਜੋ ਬੰਦੇ ਅੰਦਰ ਇਕ ਵਿਸ਼ੇਸ ਕਿਸਮ ਦਾ ਉਤਸ਼ਾਹ ਪੈਦਾ ਕਰਦਾ ਹੈ।ਗੁਰੂ ਜੀ ਦੀ ਬਾਣੀ ਉਹਨਾਂ ਦਾ ਜੀਵਨ ਫ਼ਲਸਫ਼ਾ ਹੀ ਪ੍ਰਤੀਤ ਹੁੰਦੀ ਹੈ।ਉਹਨਾਂ ਦੀ ਬਾਣੀ ਦਾ ਮੁੱਖ ਉਦੇਸ਼ ਮਨੁੱਖਾ ਦੇਹੀ ਅਤੇ ਜੀਵਨ ਦੀ ਨਾਸ਼ਮਾਨਤਾ ਦਾ ਵਰਣਨ ਕਰ ਵੈਰਾਗ ਭਾਵ ਹੀ ਨਹੀਂ ਉਪਜਾਉਂਦਾ ਸਗੋਂ ਬੰਦੇ ਦੁਆਰਾ ਸੰਸਾਰਕ ਸੁੱਖਾਂ ਵਿੱਚ ਆਪਣੇ ਸਮੇਂ ਨੂੰ ਗਵਾ ਫਿਰ ਉਪਰਾਮ ਹੋਣ ਦੀ ਸੋਝੀ ਵੀ ਦਿੰਦਾ ਹੈ।ਇਸ ਬਾਣੀ ਵਿੱਚ ਮਨੁੱਖ ਦੇ ਵਿਕਾਰਾਂ ਦਾ ਖੰਡਨ ਕਰ ਨੈਤਿਕ ਅਤੇ ਅਧਿਆਤਮਕ ਭਾਵਾਂ ਨੂੰ ਪੇਸ਼ ਕੀਤਾ ਗਿਆ ਹੈ।ਜਿਹਨਾਂ ਕਰਕੇ ਮਨੁੱਖ ਵਿਕਾਰਾਂ ਦੀ ਅੱਗ ਵਿੱਚ ਸੜਦਾ ਹੋਇਆ ਮਾਨਸਿਕ ਸਤਰ 'ਤੇ ਅਸ਼ਾਂਤ ਦਿਖਾਈ ਦਿੰਦਾ ਹੈ।ਗੁਰੂ ਜੀ ਦੀ ਬਾਣੀ ਜੀਵਨ ਦੇ ਇਸ ਅਸਥਾਈਪੁਣੇ, ਅਸ਼ਾਂਤ ਚਿੱਤ ਨੂੰ ਸਥਿਰ ਕਰਨ ਅਤੇ ਮਨੁੱਖ ਦੀ ਜੀਵਨ ਯਾਤਰਾ ਸੱਚਾਈ, ਆਦਰਸ਼ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਹੀ ਨਹੀਂ ਸਗੋਂ ਮਨੁੱਖ ਨੂੰ ਕਰਮ ਨਾਲ ਜੀਊਣਾ ਵੀ ਸਿਖਾਉਂਦੀ ਹੈ।

**ਮੁੱਖ ਸ਼ਬਦ:-** ਇਤਿਹਾਸਿਕ ਮਹੱਤਤਾ, ਵੈਰਾਗ, ਮਨੁੱਖੀ ਸਰੀਰ ਅਤੇ ਜੀਵਨ ਦੀ ਛਿਣ-ਭੰਗਰਤਾ, ਮਨੁੱਖੀ ਚੇਤਨਾ, ਜੀਵਨ ਮੁਕਤੀ, ਸਦਾਚਾਰੀ ਜੀਵਨ, ਨਾਮ ਸਿਮਰਨ।

ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ ਦਾ ਪਵਿੱਤਰ ਗ੍ਰੰਥ ਹੋਣ ਦੇ ਨਾਲ-ਨਾਲ ਮੱਧਕਾਲੀਨ ਭਾਰਤੀ ਸਮਾਜ ਦੇ ਇਤਿਹਾਸਿਕ ਦੌਰ ਦੀ ਸਿਰਜਣਾ ਹੈ।ਤਤਕਾਲੀਨ ਵਿਵਸਥਾ ਦੇ ਅਨੁਸਾਰ ਇਹ ਗ੍ਰੰਥ ਇਕ ਪਾਸੇ ਮਨੁੱਖੀ ਜੀਵਨ ਦੀ ਨੈਤਿਕ ਅਤੇ ਅਧਿਆਤਮਕ ਅਗਵਾਈ ਦਾ ਸਦੀਵੀ ਪ੍ਰੇਰਣਾ-ਸ੍ਰੋਤ ਬਣਦਾ ਹੈ ਤਾਂ ਦੂਜੇ ਪਾਸੇ ਇਹ ਸਮਾਜਿਕ ਸੰਸਥਾਵਾਂ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੂਲ ਮਾਨਵੀ ਸਰੋਕਾਰਾਂ ਨੂੰ ਵੀ ਪਰਿਭਾਸ਼ਿਤ ਕਰਦਾ ਹੈ।ਇਸ ਗ੍ਰੰਥ ਵਿੱਚ ਦਰਜ ਬਾਣੀਕਾਰਾਂ ਦੀ ਬਾਣੀ ਮਨੁੱਖ ਲਈ ਮਹਾਨ ਪ੍ਰੇਰਨਾ ਸ੍ਰੋਤ ਬਣਦੀ ਹੈ।ਗੁਰਬਾਣੀ ਦੀ ਵਿਸ਼ੇਸ਼ਤਾ ਹੈ ਕਿ ਇਹ ਪਰਮ ਸੱਚ ਅਤੇ ਪਰਮਾਰਥ ਦੇ ਹਵਾਲੇ ਨਾਲ ਜੀਵਨ ਅਤੇ ਯਥਾਰਥ ਦੀ ਵਿਆਖਿਆ ਪੇਸ਼ ਕਰਦੀ ਹੈ।ਗੁਰੂ ਗ੍ਰੰਥ ਸਾਹਿਬ ਵਿੱਚ ਛੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਿਲ ਹੈ।ਜਿਸ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਵੀ ਵਿਸ਼ੇਸ਼ ਮਹੱਤਵ ਅਤੇ ਸਥਾਨ ਹੈ।ਉਹ ਭਾਰਤ ਦੇ ਬਹੁ-ਧਰਮੀ ਅਤੇ ਬਹੁ-ਭਾਸ਼ਾਈ ਸਮਾਜ ਅਤੇ ਇਤਿਹਾਸ ਵਿੱਚ ਲਾਸਾਨੀ ਸ਼ਖ਼ਸੀਅਤ ਦੇ ਮਾਲਕ ਸਨ।ਉਹਨਾਂ ਹਿੰਦੂ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ।ਉਹਨਾਂ ਅੰਦਰ ਇਹ ਚਿਣਗ ਪਿਤਾ ਹਰਗੋਬਿੰਦ ਜੀ ਦੇ ਮੀਰੀ-ਪੀਰੀ ਦੇ ਸਿਧਾਂਤ ਤੋਂ ਹੀ ਪੈਦਾ ਹੋ ਗਈ ਲੱਗਦੀ ਹੈ।ਜਿਸ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਗੁਰੂ ਤੇਗ਼ ਬਹਾਦਰ ਜੀ ਦੇ ਲਈ ਇਸ ਪਰੰਪਰਾ ਨੂੰ ਗਤੀ ਪ੍ਰਦਾਨ ਕਰਨਾ ਸਹਿਜ ਕਾਰਜ ਨਹੀਂ ਸੀ।ਡਾ. ਜੇ. ਐੱਸ ਗਰੇਵਾਲ ਦੇ ਅਨੁਸਾਰ,

> "ਗੁਰੂ ਤੇਗ਼ ਬਹਾਦਰ ਜੀ ਦੇ ਗੁਰੂਤੱਵ ਦੀ ਭਾਰੀ ਮਹੱਤਤਾ ਇਸ ਤੱਥ ਵਿਚ ਹੈ ਕਿ ਗੂੜ੍ਹ ਇਤਿਹਾਸਕ ਅਰਥਾਂ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਕੇਂਦਰੀ ਧੁਰੇ ਨੂੰ ਸੁਰਜੀਤ ਕੀਤਾ।ਉਹ ਆਪਣੇ ਪਿਤਾ ਅਤੇ ਆਪਣੇ ਪੁੱਤਰ ਵਿਚਕਾਰ ਨੈਤਿਕ ਅਤੇ ਇਤਿਹਾਸਕ ਕੜੀ ਬਣ ਗਏ।ਉਨ੍ਹਾਂ ਗੁਰੂ ਗੋਬਿੰਦ ਸਿੰਘ ਦੀ ਪ੍ਰਾਪਤੀ ਲਈ ਰਾਹ ਤਿਆਰ ਕੀਤਾ।ਸਿੱਖ ਪੰਥ ਨੂੰ ਨਵੀਂ ਏਕਤਾ ਦਿੱਤੀ ਅਤੇ ਇਸ ਨੂੰ ਇਸ ਯੋਗ ਬਣਾਇਆ ਕਿ ਇਹ ਵਕਤ ਦੀ ਹਕੂਮਤ ਵਿਰੁੱਧ ਜ਼ਮੀਰ ਦੀਆਂ ਮੰਗਾਂ ਦੀ ਰੱਖਿਆ ਕਰ ਸਕੇ। ਅਠਾਰਵੀਂ ਸਦੀ ਦੀ ਸਿੱਖਾਂ ਦੀ ਰਾਜਸੀ ਆਜ਼ਾਦੀ ਉਸ ਜ਼ਮੀਰ ਦੀ ਆਜ਼ਾਦੀ ਦਾ ਤਰਕਸੰਗਤ ਅਤੇ ਇਤਿਹਾਸਕ ਵਿਕਾਸ ਸੀ ਜਿਸ ਦੀ ਗੁਰੂ ਤੇਗ਼ ਬਹਾਦਰ ਜੀ ਨੇ ਰੱਖਿਆ ਕੀਤੀ ਅਤੇ ਉਸਨੂੰ ਗੁਰੂ ਗੋਬਿੰਦ ਸਿੰਘ ਨੇ ਯਕੀਨੀ ਬਣਾਇਆ।"[1]

ਇਹ ਵੱਡਾ ਸੁਆਲ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਦੀ ਰਾਖੀ ਲਈ ਸ਼ਹੀਦੀ ਦਿੱਤੀ ਜਾਂ ਅਧਿਆਤਮ ਲਈ।ਪਰ ਸੋਚਿਆ ਜਾਵੇ ਤਾਂ ਧਰਮ ਹੈ ਕੀ? ਧਰਮ ਅਤੇ ਅਧਿਆਤਮ ਵਿੱਚ ਫ਼ਰਕ ਕੀ ਹੈ?ਅਸਲ ਵਿੱਚ ਅਧਿਆਤਮ ਆਤਮਾ ਦੇ ਪਰਮਾਤਮਾ ਨਾਲ ਸੰਬੰਧਾਂ ਨੂੰ ਹੀ ਆਖਿਆ ਜਾਂਦਾ ਹੈ।ਸੋ ਕਿਹਾ ਜਾ ਸਕਦਾ ਹੈ ਕਿ ਧਰਮ ਜੇਕਰ ਸੱਚ ਦਾ ਆਭਾਸ ਕਰਾਉਂਦਾ ਹੈ ਤਾਂ ਅਧਿਆਤਮ ਸੱਚ ਦੀ ਭਾਲ ਦਾ ਮਾਰਗ ਹੈ।ਸੱਚ ਦੇ ਮਾਰਗ ਤੇ ਚੱਲਣਾ, ਨਫ਼ਸ ਨੂੰ ਮਾਰਨਾ, ਦਇਆ, ਸਦਾਚਾਰੀ ਅਤੇ ਨੈਤਿਕ ਜੀਵਨ-ਜਾਚ ਅਤੇ ਨਿਰਵੈਰਤਾ ਦੇ ਸਿਧਾਂਤ ਹਨ ਜੋ ਗੁਰੂ ਜੀ ਨੂੰ ਪਰੰਪਰਾ ਵਿੱਚੋਂ ਹੀ ਮਿਲੇ ਹਨ।ਗੁਰੂ ਸਾਹਿਬ ਦੀ ਨੈਤਿਕਤਾ ਮਾਨਵਵਾਦੀ ਧਰਮ ਦੀ ਪ੍ਰੋੜਤਾ ਕਰਦੀ ਹੈ।ਇਸ ਵਿੱਚ ਰੱਬ ਦੇ ਸਿਮਰਨ ਦੇ ਨਾਲ-ਨਾਲ ਆਪਣੇ ਵਿਕਾਰਾਂ ਤੋਂ ਮੁਕਤ ਹੋਣਾ ਹੈ।ਇਸ ਲਈ ਗੁਰੂ ਸਾਹਿਬਾਨ ਮਨੁੱਖਤਾ ਨੂੰ ਪ੍ਰੇਮ ਭਾਵ ਦੀ ਪ੍ਰੇਰਨਾ ਦਿੰਦੇ ਹਨ।ਪ੍ਰੇਮ ਅਤੇ ਮਨੁੱਖਤਾ ਸਿੱਖ ਦਰਸ਼ਨ ਦਾ ਕੇਂਦਰੀ ਨੁਕਤਾ ਹੈ।ਗੁਰੂ ਸਾਹਿਬ ਨੇ ਮਾਨਵਕਾਰੀ ਧਰਮ ਦੀ ਰਾਖੀ ਲਈ ਵੇਲੇ ਦੀ ਤਾਕਤਵਰ ਜ਼ਾਲਮ ਹਕੂਮਤ ਨਾਲ ਆਢਾ ਲਾਉਣ ਦਾ ਮਨ ਬਣਾ ਲਿਆ ਸੀ।ਇਸ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਸਮਝਦੇ ਹੋਏ ਹੀ ਉਹਨਾਂ ਦੇ ਜੀਵਨ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦਰਸ਼ਨ ਤੋਂ ਸ਼ਹਾਦਤ ਦੇ ਸਹੀ ਅਰਥਾ ਅਤੇ ਕਾਰਣਾਂ ਦੀ ਸਮਝ ਪੈਂਦੀ ਹੈ।ਸਿੱਖ ਧਰਮ ਦਾ ਉੱਥਾਨ ਹੀ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪ੍ਰਬੰਧਾਂ ਦੇ ਟਕਰਾਓ ਵਿੱਚੋਂ ਹੋਇਆ ਹੈ।ਇਸ ਸਮੇਂ ਅਧਿਆਤਮਕਤਾ ਮੱਧਕਾਲੀ ਮਨੁੱਖ ਅੰਦਰ ਬਾਣੀ ਦੀ ਲਗਨ ਹੀ ਪੈਦਾ ਨਹੀਂ ਕਰਦੀ ਸਗੋਂ ਦੱਬੇ-ਕੁਚਲੇ ਮਨੁੱਖਾਂ ਅੰਦਰ ਹਿੰਮਤ-ਹੌਂਸਲੇ ਨੂੰ ਵੀ ਮਕਬੂਲ ਕਰਦੀ ਹੈ।ਇਸ ਦੀ ਵੱਡੀ ਉਦਾਹਰਨ ਗੁਰੂ ਨਾਨਕ ਦੇਵ ਜੀ ਦਾ ਬਾਬਰ ਦੇ ਹਮਲੇ ਦੇ ਕਤਲੇਆਮ ਉਪਰੰਤ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ' ਸਿੱਧਾ ਰੱਬ ਨੂੰ ਵੰਗਾਰਨ ਦੀ ਮਿਲਦੀ ਹੈ।ਡਾ. ਤ੍ਰਲੋਕ ਸਿੰਘ ਕੰਵਰ ਨੇ ਜਿਵੇਂ ਕਿਹਾ," ਗੁਰੂ ਨਾਨਕ ਆਪਣੀ ਬ੍ਰਹਮ ਬਾਣੀ ਦੁਆਰਾ ਨੀਵਿਆਂ, ਨਿਤਾਣਿਆਂ ਲਈ ਇਕ ਸ਼ਰਨਭੂਮੀ ਬਣਾ ਦਿੰਦੇ ਹਨ। ਇਸ ਸ਼ਰਨਭੂਮੀ ਵਿਚ ਆ ਕੇ ਨੀਵੇਂ ਨਿਤਾਣੇ ਸਾਮੰਤਵਾਦੀ ਹਿੰਸਾ ਦਾ ਮੁਕਾਬਲਾ ਕਰਨ ਲਈ ਤੱਤਪਰ ਹੋ ਜਾਂਦੇ ਹਨ।......ਗੁਰੂ ਨਾਨਕ ਦੇਵ ਆਪਣੀ ਸਾਰੀ ਅਧਿਆਤਮਕਤਾ ਰਾਹੀਂ ਇਸ ਤਰ੍ਹਾਂ ਦੇ ਪ੍ਰਸ਼ਾਸ਼ਨੀ ਕਬਜ਼ੇ ਪ੍ਰਤੀ ਸ਼ਕਤੀ ਵਿਹੀਨ ਮਾਨਵ ਵਰਗ ਨੂੰ ਚੇਤੰਨ ਕਰਦੇ ਹਨ।" ਜਦੋਂ ਅਸੀਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਗੁਰਮਤਿ ਪਰੰਪਰਾ ਨਾਲ ਜੋੜ ਕੇ ਦੇਖਦੇ ਹਾਂ ਤਾਂ ਇਸਦਾ ਸੰਬੰਧ ਗੁਰੂ ਨਾਨਕ ਬਾਣੀ ਦੇ ਪ੍ਰਵਚਨ ਵਿੱਚੋਂ ਹੀ ਉਪਜਿਆ ਮਿਲਦਾ ਹੈ।ਅਸਲ ਵਿੱਚ ਗੁਰੂ ਜੀ ਦੇ ਸਨਮੁੱਖ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਬਾਣੀ ਸੀ।ਉਹ ਇਸੇ ਪਰੰਪਰਾਮਈ ਬਾਣੀ ਨੂੰ ਹੀ ਵਿਸਤਾਰ ਰਹੇ ਸਨ।ਸੋ ਇਸ ਗੱਲ ਵਿੱਚ ਕੋਈ ਦੋ ਰਾਏ ਨਹੀਂ ਕਿ ਹਰੇਕ ਗੁਰੂ ਸਾਹਿਬ ਨੇ ਗੁਰਮਤਿ ਵਿਚਲੇ ਸਾਂਝੇ ਸਿਧਾਤਾਂ ਨੂੰ ਮੁੱਖ ਰੱਖਦਿਆਂ ਹੀ ਬਾਣੀ ਦੀ ਸਿਰਜਨਾ ਕੀਤੀ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਆਕਾਰ ਪੱਖੋਂ ਭਾਵੇਂ ਬਹੁਤ ਥੋੜ੍ਹੀ ਮਿਲਦੀ ਹੈ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਨਿਵੇਕਲੇ ਚਰਿੱਤਰ ਦੀ ਧਾਰਨੀ ਹੈ।ਇਹ ਬਾਣੀ ਵਧੇਰੇ ਕਰਕੇ ਗੁਰੂ ਜੀ ਦੇ ਜੀਵਨ ਫਲਸਫ਼ੇ ਦੇ ਤੱਤਸਰ ਰੂਪ ਨੂੰ ਹੀ ਪ੍ਰਗਟਾਉਂਦੀ ਹੈ।ਉਹਨਾਂ ਨੇ 59 ਸ਼ਬਦ ਅਤੇ 57 ਸਲੋਕਾਂ ਦੀ ਰਚਨਾ ਕੀਤੀ।ਇਹ ਬਾਣੀ ਦਾ ਸੰਕਲਨ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਭਾਗ ਵਿੱਚ 15 ਭਿੰਨ-ਭਿੰਨ ਰਾਗਾਂ ਵਿੱਚ ਹੋਇਆ ਹੈ।ਇਹ ਰਾਗ ਹਨ- ਗਾਉੜੀ, ਆਸਾ, ਦੇਵ ਗੰਧਾਰੀ, ਬਿਹਾਗੜਾ, ਸੋਰਿਠ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਅਤੇ ਜੈਜਾਵੰਤੀ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਦੀ ਬਾਣੀ ਨੂੰ ਆਦਿ ਗ੍ਰੰਥ ਵਿੱਚ ਸਮਲਿਤ ਕਰ ਆਦਿ ਗ੍ਰੰਥ ਨੂੰ ਹੀ ਨਹੀਂ ਵਿਸਤਾਰਿਆ ਸਗੋਂ ਆਪਣੇ ਤੋਂ ਬਾਅਦ ਉਸੇ ਨੂੰ 'ਗੁਰੂ' ਮੰਨ ਕੇ ਅਮਲੀ ਰੂਪ ਵਿੱਚ ਅਪਣਾਉਣ ਦੀ ਪ੍ਰੇਰਨਾ ਵੀ ਦਿੱਤੀ।ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸੰਬੰਧੀ ਇਕ ਵਿਸ਼ਵਾਸ ਹੈ ਕਿ ਉਹਨਾਂ ਨੇ ਆਪਣੇ ਵੈਰਾਗਮਈ ਸਲੋਕਾਂ ਦੀ ਰਚਨਾ ਦਿੱਲੀ ਵਿੱਚ ਬੰਦੀਵਾਨ ਹੋਣ ਸਮੇਂ ਕੀਤੀ।ਇਹਨਾਂ ਸਲੋਕਾਂ ਵਿੱਚ ਵੈਰਾਗਮਈ ਅਵਸਥਾ, ਉਪਰਾਮਤਾ, ਨਿਰਾਸ਼ਾਂ ਅਤੇ ਕਠੋਰ ਅਸਲੀਅਤ ਦੇ ਨਾਲ-ਨਾਲ ਆਸ਼ਾਵਾਦੀ ਪ੍ਰਵਚਨ ਵੀ ਹੈ।ਇਸ ਵਿੱਚ ਵਿਅਕਤ ਹੋਏ ਵਿਚਾਰ ਮਨੁੱਖੀ ਜੀਵਨ ਦਾ ਲਕਸ਼, ਪ੍ਰਾਪਤ ਕਰਨ ਦੀਆਂ ਵਿਧੀਆਂ, ਗਿਆਨ, ਗੁਰੂ, ਭਗਤੀ, ਕਰਮ, ਮਾਇਆ, ਤਿਆਗ ਆਦਿ ਜੀਵਨ ਦੇ ਅਸਥਿਰਪਣ ਅਤੇ ਆਤਮਕ ਸ਼ਾਂਤੀ ਦੀ ਗਹਿਰਾਈ ਨੂੰ ਦਰਸਾਉਂਦੇ ਹਨ।ਉਹਨਾਂ ਦੀ ਬਾਣੀ ਦਾ ਮੁੱਖ ਉਦੇਸ਼ ਲੋਕਾਈ ਨੂੰ ਸੰਸਾਰ ਦੀ ਨਾਸ਼ਮਾਨਤਾ ਦੀ ਸੋਧ ਅਤੇ ਜੀਵਨ ਦੇ ਅਸਲ ਮੰਤਵ ਨੂੰ ਸਮਝਾਉਣਾ ਹੈ।ਇਸੇ ਲਈ ਉਹ ਸ਼ਾਂਤੀ, ਤਿਆਗ ਅਤੇ ਜੀਵਨ ਮੁਕਤੀ ਦੇ ਸਾਕਾਰ ਰੂਪ ਅਤੇ ਨਿਰੰਤਰ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ।ਉਹਨਾਂ ਨੇ ਆਪਣੇ ਆਤਮਿਕ ਜੀਵਨ ਰਾਹੀਂ ਸਿੱਖ ਪਰੰਪਰਾ ਵਿੱਚ ਸ਼ਾਂਤੀ, ਧੀਰਜ ਅਤੇ ਨਿਸ਼ਕਾਮਤਾ ਦੇ ਆਦਰਸ਼ਾਂ ਨੂੰ ਨਵੀਂ ਦਿਸ਼ਾ ਦਿੱਤੀ।

> ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ ਤਿੰਨ ਨੁਕਤਿਆਂ ਬ੍ਰਹਮ, ਬ੍ਰਹਿਮੰਡ ਅਤੇ ਜੀਵ ਉਪਰ ਵਿਸ਼ੇਸ਼ ਬਲ ਦਿੱਤਾ ਗਿਆ ਹੈ।ਗੁਰੂ ਜੀ ਜਾਣਦੇ ਸਨ ਕਿ ਮਨੁੱਖ ਦਾ ਮੁੱਖ ਉਦੇਸ਼ ਤਾਂ ਪ੍ਰਭੂ ਨੂੰ ਸੰਸਾਰ ਵਿੱਚ ਰਹਿੰਦੇ ਹੋਏ ਪਾਉਣਾ ਹੈ ਅਤੇ ਇਸ ਰਾਹ ਵਿੱਚ ਜੋ ਵੀ ਰੁਕਾਵਟਾਂ ਆਉਂਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨਾ ਪਹਿਲਾ ਕਰਮ ਹੈ।[3]

ਇੱਥੇ ਜਦੋਂ ਅਸੀਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਇਕ ਗੰਭੀਰ ਵਾਤਾਵਰਣ ਪੈਦਾ ਹੁੰਦਾ ਹੈ ਜੋ ਬੰਦੇ ਅੰਦਰ ਇਕ ਵਿਸ਼ੇਸ ਕਿਸਮ ਦਾ ਉਤਸ਼ਾਹ ਪੈਦਾ ਕਰਦਾ ਹੈ।ਇਸਦੀ ਵਿਲੱਖਣਤਾ ਜੀਵਨ-ਯਥਾਰਥ 'ਤੇ ਕੇਂਦਰਿਤ ਪ੍ਰਤੀਤ ਹੁੰਦੀ ਹੈ।ਭਾਵ ਕਿ ਇਕ ਪਾਸੇ ਮਨੁੱਖੀ ਨਾਸ਼ਮਾਨਤਾ ਅਤੇ ਦੂਜੇ ਪਾਸੇ ਬ੍ਰਹਿਮੰਡੀ ਸ਼ਕਤੀ ਦਾ ਸਦੀਵੀ ਰੂਪ।ਗੁਰੂ ਜੀ ਦੀ ਬਾਣੀ ਦੀ ਵਿਚਾਰਧਾਰਾ ਵੈਰਾਗਮਈ ਅਤੇ ਉਦਾਸਮਈ ਸਥਿਤੀ ਨੂੰ ਵੀ ਪੇਸ਼ ਕਰਦੀ ਹੈ।ਵੈਰਾਗ ਸਿੱਧੇ ਤੌਰ 'ਤੇ ਮਨੁੱਖੀ ਭਾਵਾਂ ਨਾਲ ਜੁੜਿਆ ਹੋਇਆ ਹੈ।ਡਾ. ਪਿਆਰ ਸਿੰਘ ਅਨੁਸਾਰ ਇਹ ਵਿਚਾਰਧਾਰਾਈ ਪ੍ਰਸੰਗ ਇਤਿਹਾਸਿਕ ਅਤੇ ਦਾਰਸ਼ਨਿਕ ਪੱਖ ਤੋਂ ਵੀ ਗੁਰੂ ਜੀ ਦੇ ਜੀਵਨ ਵਿੱਚ ਮਹੱਤਵਪੂਰਨ ਰਿਹਾ ਹੈ।"ਬਾਬਾ ਬਕਾਲਾ ਵਿਚ ਲੰਘੇ ਗਿਆਰਾਂ ਬਾਰਾਂ ਸਾਲ ਬੜੀ ਸਾਧਨਾਂ ਦੇ ਸਨ।ਇਸ ਵਿਚ ਆਪ ਨੇ 'ਗ੍ਰਿਹੀ ਮਹਿ ਉਦਾਸ' ਰਹਿੰਦਿਆ ਵੈਰਾਗਮਈ ਜੀਵਨ ਬਤੀਤ ਕੀਤਾ।ਅਜਿਹੇ ਵੈਰਾਗ ਦਾ ਜਿਸ ਦੀਆਂ ਤਲਖ਼ੀਆਂ ਤੋਂ ਭੈ-ਭੀਤ ਹੋ ਕੇ ਸੰਸਾਰ ਤਿਆਗ ਜਾਣ ਦਾ ਨਹੀਂ ਸੀ, ਸਗੋਂ ਇਹ ਪੰਚ ਭੌਤਿਕ ਸੰਸਾਰ ਵਿਚ ਵਿਚਰਦਿਆਂ ਹੋਇਆ ਅਜਿਹੀ ਅਵਸਥਾ ਪੈਦਾ ਕਰਨਾ ਸੀ, ਜਿਸ ਵਿਚ ਨਾ ਸੁੱਖ ਦੀ ਲਾਲਸਾ ਸੀ ਤੇ ਨਾ ਦੁੱਖ ਦਾ ਭੈਅ।ਇਹ ਵੈਰਾਗ ਅਪਾਰ ਆਤਮਿਕ ਬਲ ਦੀ ਖਾਣ ਸੀ ਜਿਸ ਵਿਚੋਂ ਲੰਘਿਆ ਮਨੁੱਖ ਕਿਸੇ ਵਕਤ ਕਿਸੇ ਦੇ ਸਿਰ ਆਪਣਾ ਠੀਕਰਾ ਫੋੜ ਸਕਦਾ ਸੀ ਤੇ ਕਹਿ ਸਕਦਾ ਸੀ ਕਿ ਮੈਂ ਨਾ ਕਿਸੇ ਨੂੰ ਭੈ ਦੇਂਦਾ ਹਾਂ ਤੇ ਨਾ ਕਿਸੇ ਦਾ ਭੈ ਮੰਨਦਾ ਹਾਂ"[4] ਭਾਵ ਕਿ ਗੁਰੂ ਜੀ ਦਾ ਜੀਵਨ ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਜਿਉਂ ਦਾ ਤਿਉਂ ਸਵੀਕਾਰਨ ਵਾਲਾ ਸੀ।ਉਹ ਮਨੁੱਖ ਨੂੰ ਨਿਰਾਸ਼ਾਵਾਦੀ ਨਹੀਂ ਕਰਦੇ, ਸਗੋਂ ਯਥਾਰਥ ਵਿੱਚ ਵਿਚਰਨਾ ਦੱਸਦੇ ਹਨ।ਦੂਜੇ ਵਿਚਾਰ ਅਨੁਸਾਰ ਭਾਵੇਂ ਗੁਰੂ ਜੀ ਬਾਰੇ ਕਿਹਾ ਜਾਂਦਾ ਹੈ ਕਿ ਵੈਰਾਗਮਈ ਸਲੋਕਾਂ ਦੀ ਰਚਨਾ ਉਹਨਾਂ ਨੇ ਦਿੱਲੀ ਵਿੱਚ ਬੰਦੀਵਾਨ ਹੋਣ ਸਮੇਂ ਰਚੇ।ਇਸਦੇ ਸੰਦਰਭ ਵਿੱਚ ਸੁਰਜੀਤ ਹਾਂਸ ਕਹਿੰਦੇ ਹਨ ਕਿ,"ਸ਼ਲੋਕ ਸ਼ਹੀਦੀ ਦੀ ਉਡੀਕ ਵਿਚ ਲਿਖੇ ਗਏ ਹਨ।ਉਹਨਾਂ ਵਿਚ ਗੁਰੂ ਤੇਗ਼ ਬਹਾਦਰ ਸ਼ਹੀਦੀ ਸਾਕੇ ਦਾ ਭਵਿਸ਼-ਅਨੁਭਵ ਕਰਦੇ ਹਨ।ਉਹ ਇਸ ਭਵਿਸ਼- ਅਨੁਭਵ ਦੇ ਦ੍ਰਿਸ਼ਟੀਕੋਣ ਤੋਂ ਕਈ ਗੱਲਾਂ ਕਹਿੰਦੇ ਹਨ ਜਿਹਨਾਂ ਦਾ ਉਹਨਾਂ ਨੂੰ ਸੰਸਾ ਸੀ ਕਿ ਇੰਜ ਹੋ ਸਕਦੀਆਂ ਹਨ, ਪਰ ਉਹਨਾਂ ਦੇ ਪੈਰੋਕਾਰ ਉਹਨਾਂ ਦੇ ਭਵਿਸ਼ ਅਨੁਭਵ ਤੋਂ ਵੱਧ ਪੂਰੇ ਉਤਰੇ।ਇਹ ਗ਼ਲਤ ਹੈ ਕਿ ਗੁਰੂ ਸਾਹਿਬ ਨੇ ਸਲੋਕ ਸ਼ਹੀਦੀ ਦੇ ਮੌਕੇ ਲਿਖੇ ਸਨ।"[5] ਸੋ ਕਿਹਾ ਜਾ ਸਕਦਾ ਹੈ ਕਿ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਜੀ ਦੁਆਰਾ ਰਚਿਤ ਵੈਰਾਗਮਈ ਸਲੋਕ ਕੋਈ ਭਾਵਨਾ ਵਿੱਚ ਵਹਿ ਕੇ ਨਹੀਂ ਲਿਖੇ ਗਏ ਸਗੋਂ ਇਹ ਤਾਂ ਸਮਾਜਿਕ-ਇਤਿਹਾਸਿਕ ਅਨੁਭਵ ਦਾ ਸਿੱਟਾ ਹਨ ਜੋ ਮਨੁੱਖੀ ਜੀਵਨ ਦੇ ਯਥਾਰਥ ਨੂੰ ਬਿਆਨਦੇ ਹਨ।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੀ ਰਚੀ ਕਹੁ ਨਾਨਕ ਸੁਨਿ ਮੀਤ॥੨੫॥

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥

ਕਹੁ ਨਾਨਕ ਰੇ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥੩੯॥

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥

ਕਹਿ ਨਾਨਕ ਥਿਰ ਨ ਰਹੈ ਜਿਉ ਬਾਲੂ ਕੀ ਭੀਤਿ॥੪੯॥ (ਸਲੋਕ ਮਹਲਾ੯)

ਉਪਰੋਕਤ ਸਤਰਾਂ ਵਿੱਚ ਨਾਸ਼ਮਾਨਤਾ ਨੂੰ ਅਟੱਲ ਸੱਚਾਈ ਦੇ ਤੌਰ 'ਤੇ ਪੇਸ਼ ਕਰ ਸੰਦੇਸ਼ ਦਿੱਤਾ ਹੈ ਕਿ ਕਿਸੇ ਵੀ ਜੀਵ ਜਾਂ ਵਸਤੂ ਨੇ ਇਸ ਸੰਸਾਰ ਵਿੱਚ ਸਦੀਵੀ ਨਹੀਂ ਵਿਚਰਨਾ।ਇਸ ਵਿਚਾਰ ਦੀ ਗੱਲ ਕਰਦੇ ਉਹ ਸੂਫ਼ੀ ਕਵੀ ਬਾਬਾ ਫ਼ਰੀਦ ਜੀ ਦੇ ਮੌਤ ਦੇ ਸੰਕਲਪ ਦੇ ਨੇੜੇ ਚਲੇ ਜਾਂਦੇ ਹਨ।ਭਾਵ ਇਸ ਸੰਸਾਰ ਦੀ ਉਤਪਤੀ ਰੱਬ ਦੇ ਹੁਕਮਾਂ ਅਨੁਕੂਲ ਹੋਈ ਹੈ।ਜੇਕਰ ਜੀਵ ਦੇ ਜਨਮ ਦਾ ਸਮਾਂ ਨਿਰਧਾਰਿਤ ਹੈ ਤਾਂ ਉਸਦਾ ਅੰਤਿਮ ਸਮਾਂ ਵੀ ਪਹਿਲਾਂ ਤੋਂ ਹੀ ਨਿਸ਼ਚਿਤ ਹੋ ਚੁੱਕਾ ਹੈ।ਇਸ ਜਗਤ 'ਤੇ ਕੁੱਝ ਵੀ ਸਥਿਰ ਰਹਿਣ ਵਾਲਾ ਨਹੀਂ ਸਾਰਾ ਕੁੱਝ ਖ਼ਤਮ ਹੋ ਜਾਣਾ ਹੈ।ਇੱਥੇ ਸਦੀਵੀ ਕੇਵਲ ਪਰਮਾਤਮਾ ਹੈ, ਉਸ ਤੋਂ ਬਿਨਾਂ ਸਾਰੀਆਂ ਪਦਾਰਥਕ ਵਸਤਾਂ ਨਾਸ਼ਮਾਨ ਹਨ।ਇਸ ਦਾ ਭਾਵ ਇਹ ਨਹੀਂ ਕਿ ਇਸ ਬਾਣੀ ਦਾ ਮੁੱਖ ਉਦੇਸ਼ ਵੀ ਨਾਸ਼ਮਾਨਤਾ ਦਾ ਵਰਣਨ ਕਰ ਵੈਰਾਗ ਭਾਵ ਉਪਜਾਉਂਣਾ ਹੈ, ਸਗੋਂ ਇਹ ਤਾਂ ਬੰਦੇ ਦੀ ਮਾਨਸਿਕਤਾ ਵਿੱਚ ਪਈ ਸੰਸਾਰਕ ਸੁੱਖਾਂ ਦੀ ਝੂਠੀ ਪ੍ਰਤੀਤੀ ਨੂੰ ਖ਼ਤਮ ਕਰ ਪਰਮਾਰਥਕ ਸੱਚਾਈ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੰਦੀ ਹੈ।ਭਾਵ ਮਨੁੱਖ ਨੂੰ ਲੱਗਦਾ ਹੈ ਕਿ ਇਹ ਸੰਸਾਰ ਸਦਾ ਸਥਿਰ ਹੈ।ਇਸਦੇ ਉਲਟ ਇੱਥੇ ਕਿਸੇ ਕਿਸਮ ਦਾ ਮਾਣ-ਹੰਕਾਰ ਵਿਅਰਥ ਹੈ।ਗੁਰੁ ਜੀ ਅਨੁਸਾਰ ਜਿਹੜਾ ਮਨੁੱਖ ਮਾਣ-ਹਉਂਮੈ ਦੇ ਭਾਵ ਨੂੰ ਤਿਆਗ ਕੇ ਜੀਵਨ ਦੀਆਂ ਔੜਾਂ-ਸੌੜਾਂ ਨੂੰ ਜ਼ਰ ਲੈਂਦਾ ਹੈ,ਉਹ ਅਨੰਦ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

ਸਾਧੋ ਮਨ ਕਾ ਮਾਨ ਤਿਆਗਉ॥

ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਹੁ॥੧॥ਰਹਾਉ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰ ਮਾਨੁ ਅਪਮਾਨਾ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥(ਗਾਉੜੀ ਮਹਲਾ ੯, ਪੰਨਾ 219)

ਦੂਜੇ ਪਾਸੇ ਗੁਰੂ ਜੀ ਦੀ ਬਾਣੀ ਦਾ ਕੇਂਦਰੀ ਧੁਰਾ ਮਨੁੱਖੀ ਸਰੀਰ ਦੀ ਵਾਸਤਵਿਕਤਾ ਨੂੰ ਪੇਸ਼ ਕਰਨਾ ਹੈ।ਉਹ ਮਨੁੱਖਾ ਸਰੀਰ ਨੂੰ ਛਿਣ-ਭੰਗਰਤਾ ਨਾਲ ਜੋੜਦੇ ਹਨ।ਇਸਦਾ ਪਤਾ ਉਦੋਂ ਲੱਗਦਾ ਹੈ ਜਦੋਂ ਮਨੁੱਖੀ ਹੋਂਦ ਦਾ ਅਨੁਭਵੀ ਗਿਆਨ ਪ੍ਰਾਪਤ ਹੁੰਦਾ ਹੈ।ਗੁਰੂ ਜੀ ਨੇ ਇਸ ਲਈ ਆਪਣੀ ਬਾਣੀ ਵਿੱਚ 'ਬਾਦਰ ਕੀ ਛਾਈ' ਮੈਟਾਫ਼ਰ ਵਰਤਿਆ ਹੈ।ਭਾਵ ਕਿ ਬੱਦਲ ਦੇ ਪਰਛਾਵੇਂ ਦੀ ਹੋਂਦ ਜਿਵੇਂ ਥੋੜ੍ਹ-ਚਿਰੀ ਹੁੰਦੀ ਹੈ ਉਸੇ ਤਰ੍ਹਾਂ ਮਨੁੱਖਾ ਦੇਹ ਵੀ ਅਸਥਿਰ ਹੈ।ਇਸ ਅਮੋਲ ਦੇਹ ਨੂੰ ਮਨੁੱਖ ਮਾਇਆਧਾਰੀ ਜੀਵਨ ਸ਼ੈਲੀ ਅਤੇ ਵਿਕਾਰਾਂ ਦਾ ਤਿਆਗ ਕਰਕੇ ਹੀ ਨਿਰਵਾਣ ਦੀ ਪ੍ਰਾਪਤੀ ਵੱਲ ਜਾ ਸਕਦਾ ਹੈ।ਗੁਰੂ ਸਾਹਿਬ ਚੌਰਾਸੀ ਦੇ ਗੇੜ ਤੋਂ ਮੁਕਤ ਹੋਣ ਲਈ ਸਭ ਤੋਂ ਪਹਿਲਾਂ ਮਨੁੱਖ ਆਪਣੀ ਹੋਂਦ ਦੇ ਅਸਲ ਬਾਰੇ ਸੁਚੇਤ ਕਰਨ 'ਤੇ ਵਧੇਰੇ ਜ਼ੋਰ ਦਿੰਦੇ ਹਨ।ਉਹ ਮਨੁੱਖ ਨੂੰ ਤ੍ਰਿਸ਼ਨਾਮਈ ਸੰਸਾਰ ਦੇ ਬੰਧਨਾਂ ਵਿੱਚ ਫ਼ਸ ਕੇ ਥੋੜ੍ਹ-ਚਿਰੇ ਜੀਵਨ ਨੂੰ ਅਜਾਈਂ ਨਾ ਗੁਆਉਣ ਦੀ ਸੋਝੀ ਪ੍ਰਦਾਨ ਕਰਦੇ ਸੱਚ-ਝੂਠ ਦਾ ਮੈਟਾਫ਼ਰ ਵੀ ਵਰਤਦੇ ਹਨ।

ਸਾਧੋ ਰਚਨਾ ਰਾਮ ਬਨਾਈ॥

ਇਕਿ ਬਿਨਸੈ ਇਕ ਅਸਥਿਰ ਮਾਨੈ ਅਚਰੁਜ ਲਖਿਓ ਨ ਜਾਈ॥੧॥ਰਹਾਉ॥

..............................................

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥ (ਗਾਉੜੀ ਮਹਲਾ ੯,ਪੰਨਾ219)

ਗੁਰੂ ਜੀ ਨੇ ਦੇਹੀ ਬੰਧਨਾਂ ਤੋਂ ਅੱਗੇ ਸਮਾਜਿਕ ਬੰਧਨਾਂ ਵਿੱਚ ਜਕੜੀ ਮਨੁੱਖਤਾ ਦੇ ਯਥਾਰਥ ਨੂੰ ਬੜੇ ਗਹਿਨ ਪੱਧਰ 'ਤੇ ਪੇਸ਼ ਕੀਤਾ ਹੈ।ਉਹਨਾਂ ਅਨੁਸਾਰ ਮਨੁੱਖੀ ਚੇਤਨਾ ਸਵੈ- ਹੋਂਦ ਵਜੋਂ ਸਥਾਪਿਤ ਹੋਣ ਪਿੱਛੋਂ ਸਮਾਜਿਕ ਸੰਬੰਧਾਂ ਨਾਲ ਜੁੜਦੀ ਹੈ।ਇਸ ਤਰ੍ਹਾਂ ਉਹ ਸਮਾਜ ਵਿੱਚ ਰਿਸ਼ਤਾ-ਨਾਤਾ ਪ੍ਰਣਾਲੀ ਹੋਂਦ ਵਿੱਚ ਆਉਂਦੀ ਹੈ।ਇਸ ਨਾਲ ਵਿਭਿੰਨ ਮਨੁੱਖਾਂ ਅੰਦਰ ਆਪਣੇ ਆਲੇ-ਦੁਆਲੇ ਸਿਰਜੇ ਰਿਸ਼ਤਿਆਂ ਪ੍ਰਤੀ ਮੋਹ ਉਮੜਦਾ ਹੈ।ਇਸੇ ਮੋਹ-ਮਾਇਆ ਦੀ ਜਕੜ ਵਿੱਚ ਬੱਝੀ ਮਨੁੱਖਤਾ ਖੁਆਰ ਹੁੰਦੀ ਹੈ।ਅਸਲ ਵਿੱਚ ਗੁਰੂ ਜੀ ਸਮਾਜਿਕ ਸੰਬੰਧਾਂ ਨੂੰ ਬੰਧਨ ਵਜੋਂ ਪ੍ਰਤੀਬਿੰਬਤ ਕਰਦੇ ਹਨ।ਉਹਨਾਂ ਅਨੁਸਾਰ ਮਨੁੱਖੀ ਸਥਿਤੀ ਆਪਣੇ ਆਲੇ-ਦੁਆਲੇ ਵਿੱਚ ਪੂਰੀ ਤਰ੍ਹਾਂ ਮਲੀਨ ਹੋ ਚੁੱਕੀ ਹੈ ਕਿ ਮਨੁੱਖ ਨੂੰ ਆਪਣੇ ਸਾਕ-ਸੰਬੰਧੀ ਅਤੇ ਰਿਸ਼ਤੇ ਸਭ ਪਿਆਰੇ ਅਤੇ ਸਥਿਰ ਲੱਗਦੇ ਹਨ।ਮਨੁੱਖ ਲਈ ਦੁਨਿਆਵੀ ਰਿਸ਼ਤਿਆਂ ਦਾ ਮੋਹ ਅਸਲ ਵਿੱਚ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸੰਕਟ ਦਾ ਕਾਰਣ ਬਣ ਗਿਆ ਹੈ।ਉਹ ਆਪਣੇ-ਆਪ ਨੂੰ ਤਾਕਤਵਰ ਸਮਝਦਾ ਹੋਇਆ ਇਸ ਭੁਲੇਖੇ ਦੀ ਥੋੜ੍ਹ-ਚਿਰਤਾ ਨੂੰ ਨਹੀਂ ਸਮਝਦਾ।ਇਸੇ ਕਰਕੇ ਮਨੁੱਖ ਵਿਕਾਰਾਂ ਦੀ ਅੱਗ ਵਿੱਚ ਸੜਦਾ ਹੋਇਆ ਮਾਨਸਿਕ ਸਤਰ 'ਤੇ ਅਸ਼ਾਂਤ ਦਿਖਾਈ ਦਿੰਦਾ ਹੈ।ਉਸਨੂੰ ਦਿਸਦੇ ਸੰਸਾਰ ਦੇ ਯਥਾਰਥ ਦਾ ਕਦੇ ਵੀ ਪਤਾ ਨਹੀਂ ਲੱਗਦਾ ਸਗੋਂ ਉਹ ਬਾਹਰਮੁੱਖੀ ਪ੍ਰਵਿਰਤੀ (ਦੁਨੀਆਦਾਰੀ) ਹੰਢਾਉਂਦਾ ਹੋਇਆ ਵਿਕਾਰਾਂ ਵਿੱਚ ਫ਼ਸ ਜਾਂਦਾ ਹੈ।ਯਥਾਰਥ ਇਹ ਹੈ ਕਿ ਜੀਵੰਤ ਰੂਪ ਵਿੱਚ ਜੋ ਮੋਹ ਦਾ ਆਧਾਰ ਬਣਦੇ ਹਨ, ਮੌਤ ਉਪਰੰਤ ਸਭ ਭੈ-ਮਈ ਹੋ ਜਾਂਦੇ ਹਨ।

ਸਭ ਕਿਛੁ ਜੀਵਤ ਕੋ ਬਿਵਹਾਰ॥

ਮਾਤ ਪਿਤਾ ਭਾਈ ਸਭ ਬੰਧਪ ਅਰਿ ਫੁਨਿ ਗ੍ਰਿਹ ਕੀ ਨਾਰਿ॥ ਰਹਾਉ॥

ਆਧ ਘੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥( ਦੇਵਗੰਧਾਰੀ ਮਹਲਾ ੯, ਪੰਨਾ 536)

ਉਪਰੋਕਤ ਅਵਸਥਾ ਵਿੱਚੋਂ ਗੁਰੂ ਜੀ ਨੇ ਮਨੁੱਖ ਨੂੰ ਮੁਕਤ ਹੋਣ ਲਈ ਕਿਹਾ ਹੈ ਕਿਉਂਕਿ ਸੰਸਾਰ ਦੀ ਹੋਂਦ ਅਸਲ ਵਿੱਚ ਵਿਰੋਧਾਭਾਸ ਹੈ।ਇਹ ਦਿਸਦਾ ਜ਼ਰੂਰ ਹੈ ਪਰ ਭੁਲੇਖਾ ਮਾਤਰ।ਇਸੇ ਲਈ ਰਹੱਸਵਾਦੀ ਇਸ ਦਿਸਦੇ ਸੰਸਾਰ ਨੂੰ ਮਾਇਆ ਦੇ ਸੰਕਲਪ ਨਾਲ ਜੋੜਦੇ ਹਨ, ਕਿਉਂਕਿ ਮਾਇਆ ਵੀ ਦਿਖਾਵਾ ਜਾਂ ਭਰਮ ਹੀ ਹੈ।ਇਨ੍ਹਾਂ ਬੰਧਨਾਂ ਵਿੱਚ ਬੱਝਿਆ ਮਨੁੱਖ ਕਦੇ ਵੀ ਚੰਗੇ- ਬੁਰੇ ਵਿੱਚ ਮਤਭੇਦ ਨਹੀਂ ਕਰ ਸਕਦਾ।ਗੁਰੂ ਜੀ ਦੀ ਬਾਣੀ ਜੀਵਨ ਦੇ ਇਸ ਅਸਥਾਈਪੁਣੇ, ਅਸ਼ਾਂਤ ਚਿੱਤ ਨੂੰ ਸਥਿਰ ਕਰਨ ਅਤੇ ਮਨੁੱਖ ਦੀ ਜੀਵਨ ਯਾਤਰਾ ਦੀ ਸੱਚਾਈ, ਆਦਰਸ਼ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਹੀ ਨਹੀਂ ਸਗੋਂ ਮਨੁੱਖ ਨੂੰ ਕਰਮ ਨਾਲ ਜੀਊਣਾ ਵੀ ਸਿਖਾਉਂਦੀ ਹੈ।ਇਹ ਮਨੁੱਖ ਨੂੰ ਆਪਣੇ ਮਨ ਨੂੰ ਕਾਬੂ ਕਰਨ ਦੀ ਸ਼ਕਤੀ ਪ੍ਰਦਾਨ ਕਰਦੀ ਹੈ।

ਗੁਰੂ ਜੀ ਆਪਣੀ ਬਾਣੀ ਵਿੱਚ ਸਾਧੂ ਮਨ ਦੀ ਬਿਰਤੀ ਨੂੰ ਵੀ ਪੇਸ਼ ਕਰਦੇ ਹਨ ।ਉਹਨਾਂ ਨੇ ਮਨੁੱਖ ਨੂੰ ਸਦਾਚਾਰੀ ਬਣਨ ਲਈ ਉਸਤਤ-ਨਿੰਦਿਆ ਦੇ ਅਸਲ ਭੇਦ ਨੂੰ ਸਮਝਣ 'ਤੇ ਜ਼ੋਰ ਦਿੱਤਾ ਹੈ।ਅਸਲ ਵਿੱਚ ਸਦਾਚਾਰੀ ਮਨ ਉਹ ਹੁੰਦਾ ਹੈ ਜਿਸਨੇ ਆਪਣੇ ਮਨ ਨੂੰ ਸਾਧਿਆ ਹੋਵੇ ਭਾਵ ਕਾਬੂ ਕੀਤਾ ਹੋਵੇ।ਉਹਨਾਂ ਕਿਹਾ ਕਿ ਮਨੁੱਖ ਨੂੰ ਹਮੇਸ਼ਾਂ ਆਪਣੇ ਗੁਣਾਂ ਅਤੇ ਦੂਜਿਆ ਦੇ ਔਗੁਣਾਂ ਨੂੰ ਚਿਤਾਰਨਾ ਨਹੀਂ ਚਾਹੀਦਾ।ਇਸ ਤਰ੍ਹਾਂ ਕਰਨ ਨਾਲ ਮਨੁੱਖ ਖ਼ੁਦ ਮਜ਼ਾਕ ਦਾ ਪਾਤਰ ਬਣਦਾ ਹੈ।ਇਸ ਲਈ ਜੇਕਰ ਮਨੁੱਖ ਨੇ ਆਪਣੇ ਮਨ ਨੂੰ ਸਦਾਚਾਰੀ ਬਣਾਉਣਾ ਹੈ ਤਾਂ ਵਡਿਆਈ ਅਤੇ ਨਿੰਦਿਆ ਨੂੰ ਬਰਾਬਰ ਸਮਝੇ।ਉਸਨੂੰ ਅਜਿਹੇ ਕਾਰਜ ਕਰਨੇ ਚਾਹੀਦੇ ਹਨ ਜਿਸ ਨਾਲ ਮਨੁੱਖ ਸਾਧ ਸੰਗਤ ਦੀ ਬਿਰਤੀ ਵਿੱਚ ਆ ਰੱਬ ਨਾਲ ਅਭੇਦ ਹੋ ਜਾਵੇ ਅਤੇ ਉਸਦੇ ਸਾਰੇ ਕਸ਼ਟ ਦੂਰ ਹੋ ਜਾਣ।

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥(ਸਲੋਕ ਮਹਲਾ੯, ਸਲੋਕ 14)

ਸੋ ਗੁਰੂ ਜੀ ਸੰਸਾਰ ਵਿੱਚ ਵਿਚਰਦਿਆਂ ਹੋਇਆ ਨਾਮ ਸਿਮਰਨ 'ਤੇ ਜ਼ੋਰ ਦਿੰਦੇ ਹਨ।ਭਾਵ ਕਿ ਮਨੁੱਖ ਨੂੰ ਇਸ ਜਗਤ ਦੀ ਅਸਥਿਰਤਾ ਨੂੰ ਸਮਝਦੇ ਹੋਏ ਪਰਮਾਤਮਾ ਦਾ ਨਾਮ ਧਿਆਉਣਾ ਚਾਹੀਦਾ ਹੈ।ਮਨੁੱਖ ਵਿਕਾਰਾਂ ਵਿੱਚ ਫ਼ਸਿਆ ਰੱਬ ਨੂੰ ਵਿਸਾਰ ਦਿੰਦਾ ਹੈ।ਉਹਨਾਂ ਨਾਮ ਸਿਮਰਨ ਦੇ ਆਭਾਸ ਨੂੰ ਮਨੁੱਖੀ ਜੀਵਨ ਦਾ ਸਾਧਨ ਮੰਨਿਆ ਹੈ।ਉਹਨਾਂ ਅਨੁਸਾਰ ਨਾਮ ਸਿਮਰਨ ਦੇ ਅਸਲ ਨੂੰ ਸਮਝ ਅਮਲੀ ਰੂਪ ਵਿੱਚ ਅਪਣਾਉਣ ਨਾਲ ਮਹਾਂਪਾਪੀ ਵੀ ਤਰ ਜਾਂਦੇ ਹਨ।ਅਸਲ ਵਿੱਚ ਮਨੁੱਖੀ ਨੂੰ ਇਹ ਜੂਨੀ ਰੱਬ ਦੀ ਭਗਤੀ ਲਈ ਮਿਲੀ ਹੋਈ ਹੈ ਅਤੇ ਇਸ ਸਿਮਰਨ ਨਾਲ ਮਨੁੱਖ ਦੇ ਸਾਰੇ ਦੁੱਖ ਕੱਟੇ ਜਾਂਦੇ ਹਨ।

ਫਿਰਤ ਫਿਰਤ ਬਹੁਤੇ ਜੁਗ ਹਾਰਿਓ

ਮਾਨਸ ਦੇਹ ਲਹੀ।।

ਨਾਨਕ ਕਹਤ ਮਿਲਨ ਕੀ ਬਰੀਆ

ਸਿਮਰਤ ਕਹਾ ਨਹੀ।। (ਸੋਰਿਠ ਮਹਲਾ ੯, ਪੰਨਾ 631)

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਭਟਕੀ ਹੋਈ ਸਮੁੱਚੀ ਮਨੁੱਖਤਾ ਲਈ ਰਾਹ ਦਸੇਰੂ ਹੈ।ਉਹ ਆਪਣੀ ਕਹਿਣੀ ਅਤੇ ਕਥਨੀ ਉੱਪਰ ਪੂਰੇ ਉਤਰਦੇ ਹੋਏ, ਸਮੁੱਚੀ ਲੋਕਾਈ ਦਾ ਮਾਰਗ ਦਰਸ਼ਨ ਕਰਦੇ ਹਨ।ਉਹਨਾਂ ਆਪਣੀ ਬਾਣੀ ਦੇ ਰਾਂਹੀ ਮਨੁੱਖਤਾ ਨੂੰ ਸਭ ਹਾਲਾਤਾਂ ਵਿੱਚ ਇਕ ਰਸ ਰਹਿਣ ਦੀ ਜਾਚ ਸਿਖਾਈ।"ਗੁਰੂ ਜੀ ਦੀ ਬਾਣੀ ਦਾਰਸ਼ਿਨਕ ਭਾਵਨਾ ਅਤੇ ਅਧਿਆਤਮਕ ਸੰਦੇਸ਼ ਮਨੁੱਖ ਨੂੰ ਅਜਿਹੀ ਬੌਧਿਕ ਅਗਵਾਈ ਅਤੇ ਰਹੱਸਮਈ ਸੋਝੀ ਦੇਣ ਦੇ ਸਮਰੱਥ ਹੈ, ਜਿਸਦੀ ਤੀਬਰ ਲੋਚਾ ਹੈ।"[6]

## ਹਵਾਲੇ ਅਤੇ ਟਿੱਪਣੀਆ


1. ਡਾ. ਜੇ.ਐੱਸ. ਗਰੇਵਾਲ, ਗੁਰੂ ਤੇਗ਼ ਬਹਾਦਰ : ਭਰੋਸੇ ਦਾ ਪੈਗੰਬਰ, ਗੁਰੂ ਤੇਗ਼ ਬਹਾਦਰ ਚਿੰਤਨ, ਕਲਾ ਅਤੇ ਬਾਣੀ, ਸੰਪਾ. ਦੀਵਾਨ ਸਿੰਘ ਅਤੇ ਸਤਿੰਦਰ ਸਿੰਘ, ਪੰਨਾ 14

1. ਡਾ. ਤ੍ਰਲੋਕ ਸਿੰਘ ਕੰਵਰ, ਗੁਰੂ ਨਾਨਕ ਬਾਣੀ ਦਾ ਕਾਵਿ ਸ਼ਾਸ਼ਤਰ, ਪੰਨਾ 123

2. ਮਹਿੰਦਰ ਕੌਰ ਗਿੱਲ, ਗੁਰੂ ਤੇਗ਼ ਬਹਾਦਰ ਬਾਣੀ-ਅਧਿਅਨ, ਪੰਨਾ 5



© Copyright @ Authors

3. ਡਾ. ਪਿਆਰ ਸਿੰਘ, ਗੁਰੂ ਤੇਗ਼ ਬਹਾਦਰ (ਫਾਰਸੀ ਸਰੋਤ), ਪੰਨਾ 26
4. ਡਾ. ਸੁਰਜੀਤ ਹਾਂਸ, ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਇਤਿਹਾਸਿਕ ਮੁੱਲ, ਗੁਰੂ ਤੇਗ਼ ਬਹਾਦਰ: ਜੀਵਨ ਅਤੇ
5. ਸਿਰਜਣਾ, ਸੰਪਾ. ਮੋਹਨਜੀਤ ਅਤੇ ਸਬਿੰਦਰਜੀਤ ਸਾਗਰ, ਪੰਨਾ 76
6. ਪਿਆਰ ਸਿੰਘ, ਸੰਪਾ. ਖੋਜ ਦਰਪਣ ਜੁਲਾਈ 1976, ਪੰਨਾ 17


© Copyright @ Authors